**16ਵੀਂ ਪੰਜਾਬ ਵਿਧਾਨ ਸਭਾ** **ਪੰਜਾਬ ਵਿਧਾਨ ਸਭਾ**

**ਬਾਰ੍ਹਵਾਂ (ਬਜਟ)ਸਮਾਗਮ, 2026** **ਬੁਲੇਟਿਨ ਨੰ: 01**

**ਸ਼ੁੱਕਰਵਾਰ, 06 ਮਾਰਚ, 2026**

(02.00 ਵਜੇ ਬਾਅਦ ਦੁਪਹਿਰ ਤੋਂ 02.10 ਵਜੇ ਬਾਅਦ ਦੁਪਹਿਰ ਤੱਕ)

**1. ਅਕਾਲ ਚਲਾਣਿਆਂ ਦਾ ਵਰਣਨ**

ਮਾਣਯੋਗ ਸਪੀਕਰ ਵੱਲੋਂ ਨਿਮਨਲਿਖਤ ਅਕਾਲ ਚਲਾਣਿਆਂ ਦਾ ਵਰਣਨ ਕੀਤਾ ਗਿਆ:-

1. ਸਰਦਾਰ ਰਘਬੀਰ ਸਿੰਘ, ਸਾਬਕਾ ਮੰਤਰੀ;
2. ਸਰਦਾਰ ਗੁਰਦੀਪ ਸਿੰਘ ਭੈਣੀ, ਸਾਬਕਾ ਐਮ.ਐਲ.ਏ;
3. ਸਰਦਾਰ ਦਲੀਪ ਸਿੰਘ, ਅਜ਼ਾਦੀ ਘੁਲਾਟੀਆ;
4. ਸ਼ਹੀਦ ਜੋਬਨਜੀਤ ਸਿੰਘ, ਸਵਾਰ; ਅਤੇ
5. ਸ੍ਰੀ ਅਸ਼ੋਕ ਧੀਰ, ਸਾਬਕਾ ਚੇਅਰਮੈਨ ਪਨਸੀਡ।

ਮਾਣਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਸ਼ਖਸੀਅਤਾਂ ਦੇ ਜੀਵਨ ਅਤੇ ਯੋਗਦਾਨ ਬਾਰੇ ਸਦਨ ਵਿੱਚ ਵਰਣਨ ਕੀਤਾ ਗਿਆ ਅਤੇ ਸਦਨ ਵੱਲੋਂ ਇਨ੍ਹਾਂ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।

ਇਸ ਤੋਂ ਇਲਾਵਾ ਮਾਣਯੋਗ ਸਪੀਕਰ ਵੱਲੋਂ ਮੌਜੂਦਾ ਕੈਬਨਿਟ ਮੰਤਰੀ, ਸ੍ਰੀ ਅਮਨ ਅਰੋੜਾ ਜੀ ਦੇ ਸਹੁਰਾ ਸਾਹਿਬ, ਸ੍ਰੀ ਸੰਦੀਪ ਮਲਹੋਤਰਾ, ਮੌਜੂਦਾ ਵਿਧਾਇਕ ਡਾ. ਅਜੈ ਗੁਪਤਾ ਜੀ ਦੀ ਸੁਪਤਨੀ ਸ੍ਰੀਮਤੀ ਰੇਨੂ ਗੁਪਤਾ, ਮੌਜੂਦਾ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਜੀ ਦੇ ਸਤਿਕਾਰਯੋਗ ਪਿਤਾ ਸ੍ਰੀ ਰਾਮ ਕਿਸ਼ਨ ਅਤੇ ਮੌਜੂਦਾ ਵਿਧਾਇਕ ਡਾ. ਨਛੱਤਰ ਪਾਲ ਜੀ ਦੇ ਭਰਾ ਸ੍ਰੀ ਸੁਖਇੰਦਰ ਕੁਮਾਰ, ਸਾਬਕਾ ਪਾਰਲੀਮੈਂਟ ਮੈਂਬਰ ਅਤੇ ਪ੍ਰਸਿੱਧ ਪੱਤਰਕਾਰ ਸ੍ਰੀ ਐਚ.ਕੇ ਦੂਆ, ਪੰਜਾਬ ਵਿਧਾਨ ਸਭਾ ਦੇ ਸਾਬਕਾ ਸਕੱਤਰ ਸ੍ਰੀ ਜੀ.ਐੱਲ ਕੌਲ, ਪੰਜਾਬੀ ਭਾਸ਼ਾ ਦੇ ਪ੍ਰਸਿੱਧ ਕਵੀ ਸ੍ਰੀ ਨਵਰਾਹੀ ਘੁਗਿਆਣਵੀ, ਟੈਕਸਲਾ ਬਰਾਂਡ ਦੇ ਸੰਸਥਾਪਕ ਸਰਦਾਰ ਰਾਜਾ ਸਿੰਘ ਨੂੰ ਵੀ ਅੱਜ ਦੇ ਸ਼ੋਕ ਪ੍ਰਸਤਾਵਾਂ ਵਾਲੀ ਸੂਚੀ ਵਿੱਚ ਸ਼ਾਮਲ ਕਰਕੇ ਉਨ੍ਹਾਂ ਨੂੰ ਵੀ ਸ਼ਰਧਾਂਜਲੀ ਭੇਂਟ ਕੀਤੀ ਗਈ।

ਮਾਣਯੋਗ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਨਾਲ ਐਲਾਨ ਕੀਤਾ ਗਿਆ ਕਿ ਸਾਰੀਆਂ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਸਦਨ ਦੇ ਸਾਰੇ ਮੈਂਬਰ ਸਾਹਿਬਾਨ ਨੇ ਦੋ ਮਿੰਟ ਖੜ੍ਹੇ ਹੋ ਕੇ ਮੌਨ ਧਾਰਨ ਕੀਤਾ।

**2. ਮਾਣਯੋਗ ਸਪੀਕਰ ਦੁਆਰਾ ਰਾਜਪਾਲ ਜੀ ਦੇ ਭਾਸ਼ਣ ਸਬੰਧੀ ਐਲਾਨ**

ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 18 ਦੀ ਪੈਰਵੀ ਵਿਚ ਮਾਣਯੋਗ ਸਪੀਕਰ ਵਲੋਂ ਦੱਸਿਆ ਗਿਆ ਕਿ ਰਾਜਪਾਲ ਜੀ ਨੇ ਸੰਵਿਧਾਨ ਦੇ ਅਨੁਛੇਦ 176 (1) ਅਧੀਨ ਮਿਤੀ 06 ਮਾਰਚ, 2026 ਨੂੰ 11.00 ਵਜੇ ਪੂਰਵ ਦੁਪਹਿਰ ਪੰਜਾਬ ਵਿਧਾਨ ਸਭਾ ਨੂੰ ਭਾਸ਼ਣ ਦੇਣ ਦੀ ਕ੍ਰਿਪਾਲਤਾ ਕੀਤੀ ਹੈ। ਮਾਣਯੋਗ ਸਪੀਕਰ ਵਲੋਂ ਭਾਸ਼ਣ ਦੀ ਇੱਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਗਈ।

ਉਪਰੰਤ ਸਦਨ ਐਤਵਾਰ, ਮਿਤੀ 08 ਮਾਰਚ, 2026 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

ਚੰਡੀਗੜ੍ਹ ਰਾਮ ਲੋਕ ਖਟਾਣਾ,

06ਮਾਰਚ, 2026 ਸਕੱਤਰ